# ਨਮੂਨਾ ਪ੍ਰਸ਼ਨ-ਪੱਤਰ ਜੁਲਾਈ ਟੈਸਟ (2020)

**ਜਮਾਤ ਨੌਵੀਂ** **ਪੇਪਰ ਪੰਜਾਬੀ (ੲ)** **ਕੁੱਲ ਅੰਕ 20**

**(ਭਾਗ-ੳ)**

**1.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਦਿਓ (ਸਾਰੇ ਪ੍ਰਸ਼ਨ ਜ਼ਰੂਰੀ ਹਨ) **(8X1= 8)**

**1.** ਨੌਵੀਂ ਜਮਾਤ ਵਿੱਚ ਲੱਗੀ ਸਾਹਿਤ-ਮਾਲਾ ਕਿਤਾਬ ਵਿੱਚ ਭਾਈ ਵੀਰ ਸਿੰਘ ਦੀ ਕਿਸੇ ਇੱਕ ਕਵਿਤਾ ਦਾ ਨਾਂ ਦੱਸੋ **?**

(ੳ) ਸਮਾਂ (ਅ) ਵਹਿੰਦਾ ਜਾਏ (ੲ) ਵਿਸਾਖੀ ਦਾ ਮੇਲਾ (ਸ) ਜਵਾਨ ਪੰਜਾਬ ਦੇ

**2.** ਵਿਸਾਖੀ ਦੇ ਮੇਲੇ ਸਮੇਂ ਕਿਹੜੀ ਫ਼ਸਲ ਪੱਕ ਗਈ ਹੈ **?**

(ੳ) ਜੌਂ (ਅ) ਕਣਕ (ੲ) ਮੱਕੀ (ਸ) ਸੂਰਜ ਮੁੱਖੀ

**3.** ਗੁਰੂ ਨਾਨਕ ਦੇਵ ਜੀ ਦੇ ਭਣੋਈਏ ਦਾ ਨਾਂ ਕੀ ਸੀ **?**

(ੳ) ਜੈਰਾਮ (ਅ) ਜੈ ਰਾਜ (ੲ) ਜੈ ਕ੍ਰਿਸ਼ਨ (ਸ) ਸੁਖਦੇਵ

**4.** 'ਗਲੀ ਵਿਚ' ਲੇਖ ਦਾ ਲੇਖਕ ਕੌਣ ਹੈ **?**

(ੳ) ਪ੍ਰਿੰ.ਤੇਜਾ ਸਿੰਘ (ਅ) ਸ਼ਰਧਾ ਰਾਮ ਫ਼ਿਲੌਰੀ (ੲ) ਨਾਨਕ ਸਿੰਘ (ਸ) ਭਾਈ ਵੀਰ ਸਿੰਘ

**5.** ਜੁਗਲ ਪ੍ਰਸ਼ਾਦ ਦੀ ਤਨਖਾਹ ਕਿੰਨੀ ਵਧੀ ਸੀ **?**

(ੳ) **2** ਰੁਪਏ (ਅ) **3** ਰੁਪਏ (ੲ) **4** ਰੁਪਏ (ਸ) **5** ਰੁਪਏ

**6.** ਕਿਸ਼ਨ ਦੇਈ ਦੇ ਪੁੱਤਰ ਦਾ ਕੀ ਨਾਮ ਹੈ **?**

(ੳ) ਚੋਪੜਾ ਸਾਹਿਬ (ਅ) ਸ਼ਰਨ ਸਿੰਘ (ੲ) ਸੁਦਰਸ਼ਨ (ਸ) ਵਜ਼ੀਰਾ

**7.** 'ਵਹਿੰਦਾ ਜਾਏ' ਕਵਿਤਾ ਦੇ ਕਵੀ ਦਾ ਕੀ ਨਾਂ ਹੈ **?**

(ੳ) ਭਾਈ ਵੀਰ ਸਿੰਘ (ਅ) ਧਨੀ ਰਾਮ ਚਾਤ੍ਰਿਕ (ੲ) ਪ੍ਰੋ.ਪੂਰਨ ਸਿੰਘ (ਸ) ਫ਼ੀਰੋਜ਼ਦੀਨ ਸ਼ਰਫ਼

**8.** 'ਸਮਾਂ' ਕਵਿਤਾ ਵਿੱਚ ਕਿਸ ਨੂੰ ਰੋਕਣ ਦਾ ਯਤਨ ਕੀਤਾ ਗਿਆ **?**

(ੳ) ਸਮੇਂ ਨੂੰ (ਅ) ਮਨੁੱਖ ਨੂੰ (ੲ) ਖੇਡਣ ਨੂੰ (ਸ) ਚੋਰੀ ਨੂੰ

**(ਭਾਗ-ਅ)**

**2.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ (ਕੋਈ ਚਾਰ ਪ੍ਰਸ਼ਨ ਕਰੋ) **(4X2= 8)**

**1.** ਗੁਰੂ ਨਾਨਕ ਦੇਵ ਜੀ ਦਾ ਭਣੋਈਆਂ ਕੌਣ ਸੀ **?** ਉਹ ਕੀ ਕੰਮ ਕਰਦਾ ਸੀ **?**

**2.** 'ਮਨ ਚੰਗਾ ਤੇ ਕਠੌਤੀ ਵਿੱਚ ਗੰਗਾ' ਅਖਾਣ ਦਾ ਕੀ ਭਾਵ ਹੈ **?**

**3.** ਲੇਖਕ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਕੱਲੋ ਦਾ ਸੁਭਾਅ ਕਿਹੋ-ਜਿਹਾ ਸੀ **?**

**4.** ਸਕੂਲ ਦੇ ਪ੍ਰਿੰਸੀਪਲ ਨੇ ਜੁਗਲ ਪ੍ਰਸ਼ਾਦ ਨੂੰ ਵਧਾਈ ਕਿਉਂ ਦਿੱਤੀ **?**

**5.** ਜੈਰਾਮ ਨੇ ਗੁਰੂ ਨਾਨਕ ਦੇਵ ਜੀ ਲਈ ਕੀ ਕੁਝ ਕੀਤਾ **?**

**6.** ਜੁਗਲ ਪ੍ਰਸ਼ਾਦ ਆਪਣੇ ਪੁੱਤਰ ਨੂੰ ਅੰਗਰੇਜ਼ੀ ਸਕੂਲ ਵਿੱਚ ਦਾਖ਼ਲ ਕਿਉਂ ਕਰਵਾਉਣਾ ਚਾਹੁੰਦਾ ਹੈ **?**

**(ਭਾਗ-ੲ)**

**3.** ਹੇਠ ਲਿਖਿਆ ਵਿੱਚੋਂ ਕੋਈ ਇੱਕ ਕਰੋ: **(1X4= 4)**

ਹੇਠ ਲਿਖੇ ਵਾਰਤਾਲਾਪ ਨੂੰ ਧਿਆਨ ਨਾਲ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:

"ਭਰਾਵਾ ਮੈਂ ਇਹ ਮਕਾਨ ਬੜੀ ਰੀਝ ਨਾਲ ਬਣਾਇਐ। ਆਪ ਸਾਹਮਣੇ ਖਲੋ ਕੇ ਮਨ ਮਰਜ਼ੀ ਦੇ ਫ਼ਰਸ਼ ਬਣਵਾਏ ਸਨ।ਸੁਦਰਸ਼ਨ ਦੇ ਬਾਊ ਜੀ ਨੂੰ ਘਰ ਦੀ ਸ਼ਾਨ ਬਣਾਉਣ ਦਾ ਬੜਾ ਸ਼ੌਕ ਸੀ।"

(ੳ) ਇਹ ਵਾਰਤਾਲਾਪ ਕਿਸ ਇਕਾਂਗੀ ਵਿਚੋਂ ਲਿਆ ਗਿਆ ਹੈ ਅਤੇ ਇਸ ਦੇ ਲੇਖਕ ਦਾ ਨਾਂ ਲਿਖੋ ।

(ਅ) ਇਹ ਸ਼ਬਦ ਕਿਸ ਨੇ**,**ਕਿਸ ਨੂੰ ਅਤੇ ਕਿਉਂ ਕਹੇ **?**

(ੲ) ਕਿਸ਼ਨ ਦੇਈ ਨੇ ਆਪਣਾ ਮਕਾਨ ਕਿਵੇਂ ਤਿਆਰ ਕਰਵਾਇਆ ਸੀ **?**

(ਸ) ਸੁਦਰਸ਼ਨ ਦੇ ਬਾਊ ਜੀ ਦਾ ਕੀ ਸ਼ੌਕ ਸੀ **?**

ਜਾਂ

ਕਿਸ਼ਨ ਦੇਈ ਦਾ ਪਾਤਰ-ਚਿਤਰਨ ਕਰੋ।